# Official Spokesperson's response to media queries on the the issuance of a Joint Declaration between the Afghan and US Governments in Kabul and signing of the US-Taliban Agreement in Doha

February 29, 2020

……………………………………………………………………………………………………..

# ਕਾਬੁਲ ਵਿੱਚ ਅਫਗਾਨਿਸਤਾਨ ਅਤੇ ਅਮਰੀਕਾ ਦੀਆਂ ਸਰਕਾਰਾਂ ਦਾ ਸਾਂਝਾ ਐਲਾਨਨਾਮਾ ਜਾਰੀ ਹੋਣ ਅਤੇ ਦੋਹਾ ਵਿੱਚ ਅਮਰੀਕਾ-ਤਾਲਿਬਾਨ ਸਮਝੌਤੇ 'ਤੇ ਦਸਤਖਤ ਹੋਣ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

29 ਫਰਵਰੀ, 2020

**ਕਾਬੁਲ ਵਿੱਚ ਅਫਗਾਨਿਸਤਾਨ ਅਤੇ ਅਮਰੀਕਾ ਦੀਆਂ ਸਰਕਾਰਾਂ ਦਾ ਸਾਂਝਾ ਐਲਾਨਨਾਮਾ ਜਾਰੀ ਹੋਣ ਅਤੇ ਦੋਹਾ ਵਿੱਚ ਅਮਰੀਕਾ-ਤਾਲਿਬਾਨ ਸਮਝੌਤੇ 'ਤੇ ਦਸਤਖਤ ਹੋਣ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ:**

"ਭਾਰਤ ਦੀ ਇੱਕਸਾਰ ਨੀਤੀ ਉਨ੍ਹਾਂ ਸਾਰੇ ਮੌਕਿਆਂ ਦਾ ਸਮਰਥਨ ਕਰਨਾ ਹੈ ਜੋ ਅਫ਼ਗਾਨਿਸਤਾਨ ਵਿੱਚ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਲਿਆ ਸਕਦੇ ਹਨ; ਹਿੰਸਾ ਦਾ ਖ਼ਾਤਮਾ ਕਰ ਸਕਦੇ ਹਨ; ਆਲਮੀ ਅੱਤਵਾਦ ਨਾਲ ਇਸਦਾ ਸਬੰਧ ਤੋੜ ਸਕਦੇ ਹਨ ਅਤੇ ਅਫਗਾਨੀ ਅਗਵਾਈ, ਮਿਲਕੀਅਤ ਅਤੇ ਕੰਟਰੋਲ ਵਾਲੇ ਪ੍ਰਕਿਰਿਆ ਰਾਹੀਂ ਸਦੀਵੀ ਸਿਆਸੀ ਨਿਪਤਾਤਾ ਕਰ ਸਕਦੇ ਹਨ।

ਅਸੀਂ ਵੇਖਿਆ ਹੈ ਕਿ ਅਫਗਾਨਿਸਤਾਨ ਦੇ ਸਮੂਹ ਸਿਆਸੀ ਹਲਕਿਆਂ, ਜਿਨ੍ਹਾਂ ਵਿੱਚ ਸਰਕਾਰ, ਜਮਹੂਰੀ ਰਾਜ-ਵਿਵਸਥਾ ਅਤੇ ਨਾਗਰਿਕ ਸਮਾਜ ਸ਼ਾਮਲ ਹੈ, ਨੇ ਇਨ੍ਹਾਂ ਸਮਝੌਤਿਆਂ ਤੋਂ ਪੈਦਾ ਹੋਈ ਸ਼ਾਂਤੀ ਅਤੇ ਸਥਿਰਤਾ ਦੀ ਆਸ ਅਤੇ ਮੌਕੇ ਦਾ ਸਵਾਗਤ ਕੀਤਾ ਹੈ।

ਅਫਗਾਨਿਸਤਾਨ ਦਾ ਲਾਗਲਾ ਗੁਆਂਢੀ ਦੇ ਨਾਤੇ ਭਾਰਤ ਅਫ਼ਗਾਨਿਸਤਾਨੀ ਸਰਕਾਰ ਅਤੇ ਇਥੋਂ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਸ਼ਾਂਤਮਈ, ਲੋਕਤੰਤਰੀ ਅਤੇ ਖੁਸ਼ਹਾਲ ਭਵਿੱਖ ਦੀਆਂ ਇੱਛਾਵਾਂ, ਜਿਸ ਵਿੱਚ ਅਫਗਾਨਿਸਤਾਨੀ ਸਮਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਦੀ ਰਾਖੀ ਹੋਵੇ, ਨੂੰ ਸਾਕਾਰ ਕਰਨ ਦੇ ਮਾਮਲੇ 'ਚ ਹਰ ਮੁਮਕਿਨ ਸਮਰਥਨ ਦੇਣਾ ਜਾਰੀ ਰੱਖੇਗਾ।"

ਨਵੀਂ ਦਿਲੀ

29 ਫਰਵਰੀ, 2020

DISCLAIMER: This is an approximate translation. The original is available in English on MEA's website and may be referred to as the official press release.